# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 25 ਅਕਤੂਬਰ 2025 ਦਿਨ ਸ਼ਨੀਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਹੜ੍ਹ ਮਾਰੇ ਇਲਾਕਿਆਂ ਵਿੱਚ ਕੀਤੀ ਸੇਵਾ ਲਈ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 25 ਅਕਤੂਬਰ : ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਦੋਆਬੇ ਦੇ ਪਿਛਲੇ ਮਹੀਨੇ ਆਏ ਹੜ੍ਹਾਂ ਕਾਰਨ ਬਿਆਸ ਤੇ ਸਤਲੁਜ ਦਰਿਆਂ ਦੀ ਮਾਰ ਵਾਲੇ ਇਲਾਕਿਆਂ ਵਿੱਚ ਕੀਤੀ ਸੇਵਾ ਲਈ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦਾ ਸ਼ਹੀਦ ਭਗਤ ਸਿੰਘ ਨਗਰ ਪੱਖੋਵਾਲ ਰੋਡ ਲੁਧਿਆਣਾ ਵਿਖੇ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਸਰਦਾਰਨੀ ਜਸਵਿੰਦਰ ਕੌਰ ਗਿੱਲ ਦੀ ਰਿਹਾਇਸ਼ ਤੇ ਸ. ਜਸਜੀਤ ਸਿੰਘ ਨੱਤ, ਗੁਰਿੰਦਰਜੀਤ ਸਿੰਘ ਤੇ ਲਵਦੀਪ ਕੌਰ ਵੱਲੋਂ ਸਨਮਾਨ ਕੀਤਾ ਗਿਆ। ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੂੰ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਪਿਛਲੇ 50 ਸਾਲ ਦੌਰਾਨ ਲਿਖੀਆਂ ਆਪਣੀਆਂ ਅੱਠ ਗ਼ਜ਼ਲ – ਪੁਸਤਕਾਂ ਦਾ ਸੰਪੂਰਨ ਸੰਗ੍ਰਹਿ "ਅੱਖਰ ਅੱਖਰ" ਭੇਂਟ ਕੀਤਾ ਗਿਆ।



ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਨੂੰ ਸੇਵਾ ਦੋਰਾਨ ਲੋਕਾਂ ਦਾ ਸਹਿਯੋਗ ਮਿਲਣ ਦਾ ਆਧਾਰ ਵੀ ਇਹੀ ਹੈ ਕਿ ਉਹ ਲੋਕਾਂ ਵਿੱਚ ਨਾ ਤਾਂ ਰਵਾਇਤੀ ਸੰਤਾਂ ਵਾਂਗ ਵਿਚਰਦੇ ਹਨ ਤੇ ਨਾ ਮੈਂਬਰ ਪਾਰਲੀਮੈਂਟ ਵਾਂਗ। ਇਹੀ ਉਨ੍ਹਾਂ ਦੀ ਵੱਡੀ ਸ਼ਕਤੀ ਹੈ ਕਿ ਉਹ ਲੋਕ ਵਿਸ਼ਵਾਸ ਨੂੰ ਨਾਲ ਲੈ ਕੇ ਤੁਰਦੇ ਹਨ।

ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਲੁਧਿਆਣਾ ਫੇਰੀ ਦੌਰਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨਾਲ ਬੁੱਢਾ ਦਰਿਆ ਸਫ਼ਾਈ ਮੁਹਿੰਮ ਬਾਰੇ ਵੀ ਵਿਚਾਰ -ਚਰਚਾ ਕਰਦਿਆਂ ਕਿਹਾ ਕਿ ਆਮ ਲੋਕਾਂ ਦੇ ਵਿਗਿਆਨਕ ਨਜ਼ਰੀਏ ਦੀ ਉਸਾਰੀ ਬਗੈਰ ਇਸ ਪ੍ਰਦੂਸ਼ਤ ਜਲ ਸੋਮੇ ਤੋਂ ਮੁਕਤੀ ਹਾਸਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਪਿਛਲੇ ਸੰਖੇਪ ਅਰਸੇ ਦੌਰਾਨ ਮਾਣਯੋਗ ਰਾਜਪਾਲ ਪੰਜਾਬ ਦੀ ਇਹ ਪੰਜਵੀਂ ਫੇਰੀ ਹੈ ਜਿਸ ਵਿੱਚ ਉਨ੍ਹਾਂ ਨੇ ਅਧਿਕਾਰੀਆਂ ਤੇ ਨਗਰ ਨਿਗਮ ਲੁਧਿਆਣਾ ਦੇ ਸਮੂਹ ਅਹੁਦੇਦਾਰਾਂ ਨੂੰ ਪੂਰੀ ਤਨਦੇਹੀ ਨਾਲ ਇਸ ਪ੍ਰਾਜੈਕਟ ਨੂੰ ਸੰਪੂਰਨ ਕਰਨ ਦੀ ਹਦਾਇਤ ਕੀਤੀ ਹੈ। ਸੰਤ ਸੀਚੇਵਾਲ ਨੇ ਕਿਹਾ ਹਰ ਤਰ੍ਹਾਂ ਦੇ ਪ੍ਰਦੂਸ਼ਣ ਖ਼ਿਲਾਫ਼ ਯੂਨੀਵਰਸਿਟੀਂ ਕਾਲਜਾਂ ਤੇ ਸਕੂਲਾਂ ਦੇ ਅਧਿਆਪਕਾਂ,ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਲੋਕ ਚੇਤਨਾ ਲਹਿਰ ਉਸਾਰਨੀ ਚਾਹੀਦੀ ਹੈ।

ਸੰਤ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਬਹੁਤ ਹੀ ਮਾਮੂਲੀ ਹਨ। ਦੋਆਬੇ ਤੇ ਮਾਲਵੇ ਦਾ ਆਲੂ ਉਤਪਾਦਕ ਖੇਤਰ ਦਾ ਕਿਸਾਨ ਪਰਾਲੀ ਨੂੰ ਪੈਲ਼ੀ ਵਿੱਚ ਹੀ ਵਾਹ ਰਿਹਾ ਹੈ।

ਦਿੱਲੀ ਸਰਕਾਰ ਵੱਲੋਂ ਆਪਣਾ ਪ੍ਰਦੂਸ਼ਣ ਪੰਜਾਬ ਸਿਰ ਮੜ੍ਹਨ ਦੀ ਨਿੰਦਿਆ ਕਰਦਿਆਂ ਉਨ੍ਹਾਂ ਕਿਹਾ ਕਿ ਆਪਣਾ ਘਰ ਸੰਵਾਰਨ ਦੀ ਥਾਂ ਹੋਰ ਸੂਬਿਆਂ ਤੇ ਇਲਜ਼ਾਮ ਲਾਉਣੇ ਚੰਗੀ ਰਵਾਇਤ ਨਹੀਂ। ਪੰਜਾਬ ਦਾ ਧੂੰਆਂ ਛੜੱਪਾ ਮਾਰ ਕੇ ਹਰਿਆਣਾ ਉਲੰਘ ਕੇ ਕਿਵੇਂ ਦਿੱਲੀ ਪਹੁੰਚਦਾ ਹੈ, ਇਸ ਦੀ ਵਾਤਾਵਰਣ ਮੰਤਰਾਲੇ ਨੂੰ ਜਾਂਚ ਕਰਵਾਉਣੀ ਚਾਹੀਦੀ ਹੈ।

## ਪ੍ਰਸਿੱਧ ਲੋਕ ਗਾਇਕ ਜੋੜੀ ਸੰਦੀਪ ਸੋਨਾ ਅਤੇ ਕੀਰਤੀ ਸੋਨਾ ਭਾਜਪਾ ਵਿੱਚ ਸ਼ਾਮਿਲ : ਜਸਪਾਲ ਪੰਜਗਰਾਈਂ

### ਗਾਇਕ ਜੋੜੀ ਨਾਲ ਭਾਜਪਾ ਨੂੰ ਮਿਲੇਗੀ ਹੋਰ ਮਜਬੂਤੀ : ਹਰਦੀਪ ਸ਼ਰਮਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 25 ਅਕਤੂਬਰ : ਵਿਧਾਨ ਸਭਾ ਹਲਕਾ ਜੈਤੋ ਵਿੱਚ ਭਾਜਪਾ ਨੂੰ ਉਸ ਸਮੇਂ ਭਾਰੀ ਬਲ ਮਿਲਿਆ, ਜਦੋਂ ਪਿੰਡ ਕੋਠੇ ਹਜੂਰਾ ਸਿੰਘ ਤੋਂ ਪ੍ਰਸਿੱਧ ਲੋਕ ਗਾਇਕ ਜੋੜੀ ਸੰਦੀਪ ਸੋਨਾ ਅਤੇ ਕੀਰਤੀ ਸੋਨਾ ਆਪਣੇ ਵਰਕਰਾਂ ਸਮੇਤ ਜਸਪਾਲ ਸਿੰਘ ਪੰਜਗਰਾਈ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐਸ.ਸੀ. ਮੋਰਚਾ ਪੰਜਾਬ ਵਿਧਾਨ ਸਭਾ ਹਲਕਾ ਜੈਤੋ ਦੀ ਅਗਵਾਈ ਵਿੱਚ ਭਾਜਪਾ ਦਾ ਪੱਲਾ ਫੜਿਆ!

ਇਸ ਸਮੇਂ ਜਸਪਾਲ ਸਿੰਘ ਪੰਜਗਰਾਈ ਅਤੇ ਹਰਦੀਪ ਸ਼ਰਮਾ ਬਾਹਮਣ ਵਾਲਾ ਨੇ ਉਹਨਾਂ ਨੂੰ ਪਾਰਟੀ ਦਾ ਚਿੰਨ ਪਾ ਕੇ ਭਾਜਪਾ ਵਿੱਚ ਸ਼ਾਮਿਲ ਕਰਦਿਆਂ ਵਿਸ਼ਵਾਸ ਦਵਾਇਆ ਕਿ ਪਾਰਟੀ ਵਿੱਚ ਤੁਹਾਡਾ ਪੂਰਾ ਮਾਨ ਸਨਮਾਨ ਕੀਤਾ ਜਾਵੇਗਾ। ਇਸ ਸਮੇਂ ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਕੇਂਦਰ ਵਿੱਚ ਚੱਲ ਰਹੀ ਭਾਜਪਾ ਦੀ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ਼ ਹੋ ਕੇ ਭਾਜਪਾ ਵਿੱਚ ਸ਼ਾਮਿਲ ਹੋ ਰਹੇ ਹਨ! ਉਹਨਾਂ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਪੰਜਾਬ ਦੇ ਲੋਕਾਂ ਦਾ ਭਾਜਪਾ ਵਿੱਚ ਅੱਜ ਵਿਸ਼ਵਾਸ ਬਣ ਚੁੱਕਿਆ ਹੈ, 2027 ਵਿੱਚ ਪੰਜਾਬ ਦੀ ਸਰਕਾਰ ਭਾਜਪਾ ਦੀ ਬਣੇਗੀ, ਜਿਸ ਨਾਲ ਪੰਜਾਬ ਹੋਰ ਵਿਕਾਸ ਦੇ ਲੀਹਾਂ 'ਤੇ ਚੱਲੇਗਾ ਅਤੇ ਜਿਸ ਤਰ੍ਹਾਂ ਨਾਲ ਲੱਗਦੇ ਸੂਬੇ ਹਰਿਆਣਾ, ਰਾਜਸਥਾਨ, ਯੂਪੀ, ਦਿੱਲੀ ਤੋਂ ਵੱਧ ਪੰਜਾਬ ਖੁਸ਼ਿਆਲੀ ਵੱਲ ਵਧੇਗਾ! ਉਹਨਾਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਨਾਲ ਕੇਂਦਰ ਦੀ ਸਰਕਾਰ ਨਾਲ ਮਿਲ ਕੇ ਨੌਜਵਾਨਾਂ ਨੂੰ ਰੁਜਗਾਰ ਦੇਣ ਲਈ ਲਾਹੇਵੰਦ ਸਿੱਧ ਹੋਵੇਗੀ! ਉਹਨਾਂ ਇਹ ਵੀ ਕਿਹਾ ਕਿ ਪੰਜਾਬ ਅੰਦਰ ਨਸ਼ੇ ਦਾ ਖਾਤਮਾ ਕੇਵਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੀ ਕਰ ਸਕਦੀ ਹੈ! ਇਸ ਸਮੇਂ ਉਹਨਾਂ ਨਾਲ ਮੰਡਲ ਪ੍ਰਧਾਨ ਨਸੀਬ ਸਿੰਘ ਔਲਖ, ਨਿਰਭੈ ਸਿੰਘ ਢਿਲਵਾਂ, ਲਖਵੀਰ ਸਿੰਘ ਢਿਲਵਾਂ, ਸ਼ੁਭਦੀਪ ਕੌਰ ਕੋਠੇ ਹਜੂਰਾ ਸਿੰਘ, ਸਰਬਜੀਤ ਕੌਰ ਕੋਠੇ ਦਰਜੀਆਂ, ਵਕੀਲ ਸਿੰਘ, ਹਰਪ੍ਰੀਤ ਸਿੰਘ ਸਿੱਧੂ, ਡਾ. ਬਲਵਿੰਦਰ ਸਿੰਘ ਬਰਗਾੜੀ, ਹਰਮੇਲ ਸਿੰਘ ਚਹਿਲ ਮੰਡਲ ਪ੍ਰਧਾਨ ਬਰਗਾੜੀ ਆਦਿ ਵੀ ਹਾਜਰ ਸਨ!

## ਲੋਕ ਗਾਇਕ ਬਲਧੀਰ ਮਾਹਲਾ ਦੇ ਤਿੰਨ ਗੀਤਾਂ ਦੀ ਰਿਕਾਰਡਿੰਗ ਮੁਕੰਮਲ

### 1 ਨਵੰਬਰ ਨੂੰ ਹੋਵੇਗੀ ਸ਼ੂਟਿੰਗ ਲੁਹਾਮ/ਮੁਦਕੀ ਚ—-

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ



ਫਰੀਦਕੋਟ 25 ਅਕਤੂਬਰ : ਪ੍ਰਸਿੱਧ ਲੋਕ ਗਾਇਕ ਬਲਧੀਰ ਮਾਹਲਾ ਨੇ ਆਪਣੇ ਤਿੰਨ ਨਵੇਂ ਗੀਤਾਂ, "ਹਿੰਦ ਦੀ ਚਾਦਰ," "ਘੋੜੀ ਭੈਣ ਨੀ ਪ੍ਰੀਤ," ਅਤੇ "ਦਾਣਾ ਪਾਣੀ" ਦੀ ਰਿਕਾਰਡਿੰਗ ਐੱਸਆਰ ਬੀਟਸ ਸਟੂਡੀਓ ਵਿੱਚ ਪੂਰੀ ਕਰ ਲਈ ਹੈ। ਇਨ੍ਹਾਂ ਗੀਤਾਂ ਦੀ ਵੀਡੀਓ ਸ਼ੂਟਿੰਗ 1 ਨਵੰਬਰ ਨੂੰ ਮੁਦਕੀ ਅਤੇ ਲੁਹਾਮ ਪਿੰਡਾਂ ਦੀਆਂ ਵੱਖ-ਵੱਖ ਲੋਕੇਸ਼ਨਾਂ 'ਤੇ ਕੀਤੀ ਜਾਵੇਗੀ। ਇਹ ਜਾਣਕਾਰੀ ਬਲਧੀਰ ਮਾਹਲਾ ਆਫੀਸ਼ੀਅਲ ਦੇ ਪ੍ਰੈਸ ਸਕੱਤਰ ਡਾ. ਧਰਮ ਪ੍ਰਵਾਨਾ ਨੇ ਸਾਂਝੀ ਕੀਤੀ।

ਪ੍ਰੈਸ ਨੂੰ ਸੰਬੋਧਨ ਕਰਦਿਆਂ ਡਾ. ਪ੍ਰਵਾਨਾ ਨੇ ਦੱਸਿਆ ਕਿ ਇਨ੍ਹਾਂ ਤਿੰਨਾਂ ਗੀਤਾਂ ਵਿੱਚੋਂ ਪਹਿਲਾ ਗੀਤ "ਹਿੰਦ ਦੀ ਚਾਦਰ," ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਧਾਰਮਿਕ ਰਚਨਾ ਹੈ। ਦੂਜਾ ਗੀਤ "ਦਾਣਾ ਪਾਣੀ," ਵਾਤਾਵਰਨ ਪ੍ਰਦੂਸ਼ਣ ਬਾਰੇ ਜਾਗਰੂਕ ਕਰਨ ਵਾਲਾ ਇੱਕ ਦੋਗਾਣਾ ਹੈ, ਜਦੋਂ ਕਿ ਤੀਜਾ ਗੀਤ "ਘੋੜੀ ਭੈਣ ਨੀ ਪ੍ਰੀਤ," ਵਿਆਹ ਦੀ ਇੱਕ ਮਹੱਤਵਪੂਰਨ ਰਸਮ ਨੂੰ ਪੇਸ਼ ਕਰਦਾ ਹੈ।

ਰਿਕਾਰਡਿੰਗ ਦੀ ਜਾਣਕਾਰੀ ਦਿੰਦਿਆਂ ਪ੍ਰਵਾਨਾ ਨੇ ਦੱਸਿਆ ਕਿ ਤਿੰਨਾਂ ਗੀਤਾਂ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਰਵਿੰਦਰ ਟੀਨਾ ਨੇ ਦਿੱਤਾ ਹੈ ਅਤੇ ਇਨ੍ਹਾਂ ਨੂੰ ਉੱਘੇ ਰਿਕਾਰਡਿੰਗ ਇੰਜੀਨੀਅਰ ਸੰਗੀਤ ਕੰਡਿਆਰਾ ਦੀ ਦੇਖ-ਰੇਖ ਹੇਠ ਮੁਕੰਮਲ ਕੀਤਾ ਗਿਆ ਹੈ। "ਹਿੰਦ ਦੀ ਚਾਦਰ" ਅਤੇ "ਘੋੜੀ ਭੈਣ ਨੀ ਪ੍ਰੀਤ" ਦੇ ਬੋਲ ਖੁਦ ਬਲਧੀਰ ਮਾਹਲਾ ਨੇ ਲਿਖੇ ਹਨ, ਜਦੋਂਕਿ "ਦਾਣਾ ਪਾਣੀ" ਦੇ ਬੋਲ ਮਰਹੂਮ ਗੀਤਕਾਰ ਕੰਵਲਜੀਤ ਸਿੰਘ ਢਿੱਲੋਂ (ਢੁੱਡੀ) ਦੀ ਕਲਮ ਤੋਂ ਹਨ।

ਇਸ ਪ੍ਰੋਜੈਕਟ ਦੀ ਖਾਸ ਗੱਲ ਇਹ ਹੈ ਕਿ ਇਸ ਵਿੱਚ ਮਾਹਲਾ ਨੇ ਨਵੀਂ ਗਾਇਕਾ ਮਿਸ ਨਿਮਰਤ ਹਠੂਰ ਨੂੰ ਪਹਿਲੀ ਵਾਰ ਗਾਉਣ ਦਾ ਮੌਕਾ ਦਿੱਤਾ ਹੈ, ਜਦੋਂਕਿ ਪ੍ਰਸਿੱਧ ਗਾਇਕਾ ਸੋਫੀਆ ਗਿੱਲ ਨੇ ਵੀ ਉਨ੍ਹਾਂ ਨਾਲ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ ਹੈ। ਡਾ. ਪ੍ਰਵਾਨਾ ਨੇ ਅੱਗੇ ਦੱਸਿਆ ਕਿ 1 ਨਵੰਬਰ ਨੂੰ ਬਲਕਰਨ ਸਿੰਘ ਮੱਲ੍ਹੀ ਦੀ ਸਰਪ੍ਰਸਤੀ ਹੇਠ, ਨਾਮਵਰ ਵੀਡੀਓ ਨਿਰਦੇਸ਼ਕ ਗੁਰਬਾਜ ਗਿੱਲ ਦੀ ਟੀਮ ਵੱਲੋਂ ਗੀਤ "ਹਿੰਦ ਦੀ ਚਾਦਰ" ਅਤੇ "ਦਾਣਾ ਪਾਣੀ" ਨੂੰ ਫਿਲਮਾਇਆ ਜਾਵੇਗਾ। ਸ਼ੂਟਿੰਗ ਲਈ ਪਿੰਡ ਲੁਹਾਮ ਅਤੇ ਮੁਦਕੀ ਦੇ ਆਸ-ਪਾਸ ਦੀਆਂ ਖੂਬਸੂਰਤ ਥਾਵਾਂ ਨੂੰ ਚੁਣਿਆ ਗਿਆ ਹੈ। ਇਹ ਗੀਤ ਜਲਦੀ ਹੀ ਬਲਧੀਰ ਮਾਹਲਾ ਦੇ ਯੂਟਿਊਬ ਚੈਨਲ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਸਰੋਤਿਆਂ ਲਈ ਰਿਲੀਜ਼ ਕੀਤੇ ਜਾਣਗੇ।

## ਪ੍ਰਭ ਆਸਰਾ, ਕੁਰਾਲ਼ੀ ਵਿਖੇ ਲੰਮੇ ਸਮੇਂ ਤੋਂ ਦਾਖਲ ਬਜ਼ੁਰਗ ਬੀਬੀ ਮੁਖਰਾਜ ਕੌਰ ਦੀ ਹਾਲਤ ਗੰਭੀਰ

ਵਰਲਡ ਪੰਜਾਬੀ ਟਾਈਮਜ਼ — ਰੋਮੀ ਘੜਾਮਾਂ



ਕੁਰਾਲ਼ੀ, 25 ਅਕਤੂਬਰ : ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਸ ਲੋਕਾਂ ਦੀ ਸੇਵਾ-ਸੰਭਾਲ਼ ਕਰ ਰਹੀ ਸੰਸਥਾ, ਪ੍ਰਭ ਆਸਰਾ ਵਿਖੇ ਲੱਗਭਗ 05 ਸਾਲ ਤੋਂ ਰਹਿ ਰਹੀ ਬਜ਼ੁਰਗ ਬੀਬੀ ਮੁਖਰਾਜ ਕੌਰ (ਲੱਗਭਗ 81 ਸਾਲ) ਦੀ ਹਾਲਤ ਗੰਭੀਰ ਬਣੀ ਹੋਈ ਹੈ। ਜੋ ਕਿ ਸੰਸਥਾ ਦੇ ਚਨਾਲ਼ੋਂ (ਕੁਰਾਲ਼ੀ) ਵਿਖੇ ਸਥਿਤ ਮਲਟੀਸਪੈਸ਼ਲ ਚੈਰੀਟੇਬਲ ਹਸਪਤਾਲ ਦੇ ਆਈ.ਸੀ.ਯੂ. ਵਿੱਚ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਜੇਰੇ ਇਲਾਜ ਹੈ। ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਡਾਕਟਰਾਂ ਦੀ ਰਿਪੋਰਟ ਮੁਤਾਬਕ ਇਸ ਬਜੁਰਗ ਦੀ ਸਥਿਤੀ ਨਾਜ਼ੁਕ ਹੈ। ਇਨ੍ਹਾਂ ਨੂੰ 15-03-2020 ਨੂੰ ਗ੍ਰਾਮ ਪੰਚਾਇਤ ਪਿੰਡ: ਕੰਧੋਲਾ (ਸ੍ਰੀ ਚਮਕੌਰ ਸਾਹਿਬ) ਰਾਹੀਂ ਬੇਸਹਾਰਾ ਸਥਿਤੀ ਦੇ ਚਲਦਿਆਂ ਸੰਸਥਾ ਵਿੱਚ ਦਾਖਲ ਕਰਵਾਇਆ ਗਿਆ ਸੀ। ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਇਹਨਾਂ ਨੂੰ ਪਛਾਨਣ ਵਾਲ਼ਾ ਕੋਈ ਰਿਸ਼ਤੇਦਾਰ ਮਿਲਣਾ ਚਾਹੁੰਦਾ ਹੋਵੇ ਤਾਂ ਪ੍ਰਭ ਆਸਰਾ, ਕੁਰਾਲ਼ੀ ਵਿਖੇ ਸੰਪਰਕ ਕਰ ਸਕਦਾ ਹੈ।

## ਸਰਕਾਰੀ ਕੰਨਿਆ ਸਕੂਲ ਦੀਆਂ ਕੁਸ਼ਤੀ ਖਿਡਾਰਨਾਂ ਨੇ 69ਵੀਆਂ ਪੰਜਾਬ ਰਾਜ ਸਕੂਲ ਖੇਡਾਂ ਕੁਸ਼ਤੀਆਂ ਅੰਡਰ-14 ਸਾਲ ਚ ਪਹਿਲਾ ਸਥਾਨ ,ਅੰਡਰ-17 ਸਾਲ ਤੀਸਰਾ ਸਥਾਨ ਅਤੇ ਅੰਡਰ-19 ਸਾਲ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਇਤਿਹਾਸ ਰਚਿਆ ।

ਵਰਲਡ ਪੰਜਾਬੀ ਟਾਈਮਜ਼ — ਧਰਮ ਪ੍ਰਵਾਨਾਂ

ਫ਼ਰੀਦਕੋਟ, 25 ਅਕਤੂਬਰ : ਅੱਜ ਡਾ. ਮਹਿੰਦਰ ਬਰਾੜ ਸਾਂਭੀ ਪੀ ਐਮ ਸ਼੍ਰੀ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਦੀ ਸਵੇਰ ਦੀ ਸਭਾ ਵਿੱਚ ਇਹਨਾਂ ਕੁਸ਼ਤੀ ਖਿਡਾਰਨਾਂ ਦੇ 69ਵੀਆਂ ਪੰਜਾਬ ਰਾਜ ਸਕੂਲ ਖੇਡਾਂ ਵੱਡੀ ਸਫਲਤਾ ਪ੍ਰਾਪਤ ਕਰਦਿਆਂ ਅੰਮ੍ਰਿਤਸਰ ਵਿਖੇ ਹੋਈਆਂ ਰਾਜ ਪੱਧਰੀ ਸਕੂਲ ਖੇਡਾਂ ਕੁਸ਼ਤੀਆਂ ਅੰਡਰ-14 ਸਾਲ ਵਿੱਚ ਪਹਿਲਾ ਸਥਾਨ,ਅੰਡਰ-19 ਸਾਲ ਵਿੱਚ ਦੂਜਾ ਸਥਾਨ ਅਤੇ ਅੰਡਰ-17ਸਾਲ ਵਿੱਚ ਤੀਜਾ ਸਥਾਨ ਹਾਸਲ ਕਰਕੇ ਖਿਡਾਰਨਾਂ ਦੇ ਸਕੂਲ ਪਹੁੰਚਣ ਤੇ ਸ਼ਾਨਦਾਰ ਸਨਮਾਨ ਸਮਾਰੋਹ ਦਾ ਅਾਯੋਜਨ ਕੀਤਾ ਗਿਆ ।ਇਸ ਸਮਾਰੋਹ ਦੀ ਪ੍ਰਧਾਨਗੀ ਸਕੂਲ ਪ੍ਰਿੰਸੀਪਲ ਭੁਪਿੰਦਰ ਸਿੰਘ ਵੱਲੋਂ ਕੀਤੀ ਗਈ ਇਸ ਸਮੇਂ ਸਕੂਲ ਸਟਾਫ਼ ਅਤੇ ਸਮੂਹ ਵਿਦਿਆਰਥੀਆਂ ਵੀ ਹਾਜ਼ਰ ਸਨ ।ਸਮਾਰੋਹ ਦੀ ਸ਼ੁਰੂਆਤ ਲੈਕ. ਸ੍ਰੀਮਤੀ ਸੁਰਜੀਤ ਕੌਰ ਵੱਲੋਂ ਜੇਤੂ ਖਿਡਾਰੀਨਾਂ ਅਤੇ ਕੋਚ ਸਾਹਿਬਾਨ ਨੂੰ ਜੀ




ਆਇਆਂ ਆਖਿਆ ਅਤੇ ਬੱਚੀਆਂ ਦੀ ਇਸ ਪ੍ਰਾਪਤੀ ਤੇ ਸੱਭ ਨੂੰ ਮੁਬਾਰਕਬਾਦ ਦਿੱਤੀ ।ਉਸ ਤੋਂ ਬਾਅਦ ਇਹਨਾਂ ਖਿਡਾਰਨਾਂ ਦੇ ਗਾਈਡ ਅਧਿਆਪਕ ਡਾ. ਸੁਰਿੰਦਰ ਸਿੰਘ ਵੱਲੋਂ ਵਿਦਿਆਰਥਨਾਂ ਨੂੰ ਸੰਬੋਧਨ ਕਰਦੇ ਹੋਏ ਇਸ ਪ੍ਰਾਪਤੀ ਦੇ ਵਿਸਥਾਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਕੂਲ ਵਿੱਚ ਲਗਭਗ ਬਾਰਾਂ ਸਾਲ ਤੋਂ ਕੁਸ਼ਤੀ ਸੈਂਟਰ ਚੱਲ ਰਿਹਾ ਹੈ ਅਤੇ ਸੈਂਟਰ ਦੀ ਬਦੌਲਤ ਬਹੁਤ ਸਾਰੀਆਂ ਕੁਸ਼ਤੀ ਖਿਡਾਰਨਾਂ ਰਾਸ਼ਟਰੀ ਪੱਧਰ ਤੱਕ ਮੱਲ੍ਹਾ ਮਾਰ ਚੁਕੀਆਂ ਹਨ। ਇਸ ਸਕੂਲ ਦੀਆਂ ਦੋ ਖਿਡਾਰਨਾਂ ਗੁਰਸ਼ਰਨ ਕੌਰ ਅਤੇ ਮਨਪ੍ਰੀਤ ਕੌਰ ਖੇਡ ਵਿਭਾਗ ਵਿੱਚ ਬਤੌਰ ਕੁਸ਼ਤੀ ਕੋਚ ਫਰੀਦਕੋਟ ਵਿਖੇ ਸੇਵਾਵਾਂ ਨਿਭਾ ਰਹੀਆਂ ਹਨ।ਹੁਣ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਸਕੂਲ ਦੀਆਂ ਜਿਲ੍ਹਾਂ ਜੇਤੂ ਕੁਸ਼ਤੀ ਖਿਡਾਰਨਾਂ ਦੀਆਂ ਤਿੰਨ ਟੀਮਾਂ ਨੇ 69ਵੀਆਂ ਪੰਜਾਬ ਰਾਜ ਸਕੂਲ ਖੇਡਾਂ ਵਿੱਚ ਭਾਗ ਲਿਆ ਅਤੇ ਤਿੰਨਾਂ ਟੀਮਾਂ ਨੇ ਕ੍ਰਮਵਾਰ ਅੰਡਰ 14 ਸਾਲ ਪਹਿਲਾ ਸਥਾਨ,ਅੰਡਰ 17 ਤੀਸਰਾ ਸਥਾਨ ਅਤੇ ਅੰਡਰ 19 ਵਿੱਚੋਂ ਦੂਜਾ ਸਥਾਨ ਹਾਸਿਲ ਕਰਕੇ ਆਪਣੇ ਮਾਪਿਆਂ,ਸਕੂਲ ਅਤੇ ਫਰੀਦਕੋਟ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਨਵਾਂ ਇਤਿਹਾਸ ਰਚਿਆ ਹੈ। ਖੇਡਾਂ ਵਿੱਚ ਅੰਡਰ 14 ਸਾਲ ਹਰਪ੍ਰੀਤ ਕੌਰ ਸੋਨ ਤਗਮਾ ,ਕਸ਼ਿਸ਼ ਕਾਂਸੀ ਤਮਗਾ,ਕਰਨਵੀਰ ਕੌਰ ਕਾਂਸੀ ਤਮਗਾ,ਰਾਖੀ ਸੋਨ ਤਮਗਾ,ਪਾਇਲ ਚਾਂਦੀ ਤਮਗਾ ਅਤੇ ਅਲਕਾ ਚਾਂਦੀ ਤਮਗਾ।ਅੰਡਰ 17 ਸਾਲ ਆਸ਼ੂ ਚਾਦੀ ਤਮਗਾ,ਹਰਮਨ ਚਾਂਦੀ ਤਮਗਾ ਅਤੇ ਏਕਤਾ ਚਾਂਦੀ ਤਮਗਾ।ਅੰਡਰ19 ਸਾਲ ਅਮਨਦੀਪ ਕੌਰ ਕਾਂਸੀ ਤਮਗਾ,ਸੇਜਲ ਚਾਂਦੀ ਤਮਗਾ ਅਤੇ ਜਸਲੀਨ ਕੌਰ ਕਾਂਸੀ ਤਮਗਾ ਪ੍ਰਾਪਤ ਕਰਕੇ ਇਹਨਾਂ ਚੈਂਪੀਅਨਸ਼ਿਪਾਂ ਤੇ ਸ਼ਾਨਦਾਰ ਜਿੱਤ ਹਾਸਲ ਕੀਤੀਆਂ।ਸਕੂਲ ਪ੍ਰਿੰਸੀਪਲ ਸ.ਭੁਪਿੰਦਰ ਸਿੰਘ ਵੱਲੋਂ ਇਹਨਾਂ ਜੇਤੂ ਕੁਸ਼ਤੀ ਖਿਡਾਰਨਾਂ ਦੇ ਗਲ ਵਿੱਚ ਮੈਡਲ ਪਾ ਕੇ ਸਨਮਾਨਿਤ ਕੀਤਾ ਅਤੇ ਇਸ ਪ੍ਰਾਪਤੀ ਦਾ ਸਿਹਰਾ ਕੁਸ਼ਤੀ ਕੋਚ ਖੁਸ਼ਵਿੰਦਰ ਸਿੰਘ,ਗਾਇਡ ਅਧਿਆਪਕ ਡਾ.ਸੁਰਿੰਦਰ ਸਿੰਘ ,ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਦਿੱਤਾ। ਇਸ ਸਮੇਂ ਸੰਬੋਧਨ ਕਰਦਿਆਂ ਕਿਹਾ ਕਿ ਇਹਨਾਂ ਖਿਡਾਰਨਾ ਤੋਂ ਸਾਨੂੰ ਬਹੁਤ ਉਮੀਦਾਂ ਹਨ ਅਤੇ ਇਹ ਸਾਡੇ ਸਕੂਲ ਦਾ ਨਾਮ ਰਾਸ਼ਟਰੀ ਪੱਧਰ ਤੱਕ ਰੌਸ਼ਨ ਕਰਨ ਦਾ ਜਜ਼ਬਾ ਰੱਖਦੀਆਂ ਹਨ ਅਤੇ ਕੁਸ਼ਤੀ ਕੋਚ ਗੁਰਸ਼ਰਨ ਕੌਰ ਨੂੰ ਵੀ ਵਧਾਈ ਦਿੱਤੀ।ਅੰਤ ਵਿੱਚ ਲੈਕ.ਸ੍ਰੀਮਤੀ ਸਰਜੀਤ ਕੌਰ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਲੈਕ. ਸੁਖਜਿੰਦਰ ਸਿੰਘ, ਕਰਮਜੀਤ ਸਿੰਘ, ਰਾਜਬਿੰਦਰ ਕੌਰ, ਸਰਬਜੀਤ ਕੌਰ,ਗੁਰਮੀਤ ਕੌਰ, ਤੇਜਿੰਦਰ ਸਿੰਘ, ਮਨਪ੍ਰੀਤ ਸਿੰਘ,ਰਣਜੋਤ ਕੌਰ ,ਜਸਪਾਲ ਕੌਰ,ਰੇਨੂ ਬਾਲਾ ਅਤੇ ਸਮੂਹ ਸਟਾਫ਼ ਮੌਜੂਦ ਸੀ।ਇਸ ਪ੍ਰਾਪਤੀ ਤੇ ਨੀਲਮ ਰਾਣੀ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਕੇਵਲ ਕੌਰ ਜਿਲ੍ਹਾ ਸਪੋਰਟਸ ਕੁਆਰਡੀਨੇਟਰ,ਜ਼ਿਲਾ ਗਾਈਡੈਂਸ ਕਾਊਂਸਲਰ ਜਸਬੀਰ ਸਿੰਘ ਜੱਸੀ ਵੱਲੋਂ ਵੀ ਮੁਬਾਰਕਬਾਦ ਦਿੱਤੀ ਗਈ।

## ਗੁਰੂ ਤੇਗ ਬਹਾਦਰ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਾਉਣ ਦਾ ਫੈਸਲਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 25 ਅਕਤੂਬਰ : ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਜੂਨੀਅਰ ਗਰੁੱਪ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਸੀਨੀਅਰ ਗਰੁੱਪ ਬਣਾ ਕੇ 20 ਨਵੰਬਰ ਨੂੰ ਸਵੇਰੇ ਠੀਕ 10:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ, ਪ੍ਰੇਮ ਚਾਵਲਾ ਮੀਤ ਪ੍ਰਧਾਨ, ਕੁਲਵੰਤ ਸਿੰਘ ਚਾਨੀ ਜਨਰਲ ਸਕੱਤਰ, ਸੋਮਨਾਥ ਅਰੋੜਾ ਵਿੱਤ ਸਕੱਤਰ, ਗੁਰਿੰਦਰ ਸਿੰਘ ਮਹਿੰਦੀਰੱਤਾ ਮੁੱਖ ਸਲਾਹਕਾਰ, ਪ੍ਰੋਫੈਸਰ ਹਰਬੰਸ ਸਿੰਘ ਪਦਮ ਪੀ.ਆਰ.ਓ., ਤਰਸੇਮ ਨਰੂਲਾ ਅਤੇ ਇਕਬਾਲ ਸਿੰਘ ਮੰਘੇੜਾ ਨੇ



ਦੱਸਿਆ ਕਿ ਇਹਨਾਂ ਮੁਕਾਬਲਿਆਂ ਦਾ ਵਿਸ਼ਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਦੌਰ ਵਿੱਚ ਮਹੱਤਤਾ, ਧਾਰਮਿਕ ਸਹਿਣਸ਼ੀਲਤਾ ਦੇ ਅਲੰਬਰਦਾਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਹੋਵੇਗਾ। ਉਹਨਾਂ ਅੱਗੇ ਦੱਸਿਆ ਕਿ ਜੂਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2000 ਰੁਪਏ, ਦੂਜਾ ਸਥਾਨ 1500 ਰੁਪਏ ਅਤੇ ਤੀਜਾ ਸਥਾਨ 1000 ਰੁਪਏ, ਇਸੇ ਤਰ੍ਹਾਂ ਸੀਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2500 ਰੁਪਏ, ਦੂਜਾ ਸਥਾਨ 2000 ਰੁਪਏ ਅਤੇ ਤੀਜਾ ਸਥਾਨ ਨੂੰ 1500 ਰੁਪਏ ਨਗਦ ਰਾਸ਼ੀ, ਸਰਟੀਫਿਕੇਟ, ਮੈਡਲ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਇੱਕ ਪੁਸਤਕ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਦੇ ਸਮੂਹ ਸਕੂਲ ਮੁਖੀਆਂ ਨੂੰ ਪੱਤਰ ਲਿਖ ਕੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਨਾਂਅ 10 ਨਵੰਬਰ ਤੱਕ ਸੋਸਾਇਟੀ ਨੂੰ ਭੇਜਣ ਲਈ ਲਿਖਿਆ ਗਿਆ ਹੈ।

## ਜ਼ਖ਼ਮ ਅਵੱਲੇ — ਸੁਨੀਲ ਡੋਗਰਾ ਜੀ ਦੀ ਸੁਰੀਲੀ ਅਵਾਜ਼ ਵਿੱਚ ਇੱਕ ਹੋਰ

ਵਰਲਡ ਪੰਜਾਬੀ ਟਾਈਮਜ਼
ਵਤਨ ਵੀਰ ਜ਼ਖ਼ਮੀ




ਪੰਜਾਬੀ ਸੰਗੀਤ ਜਗਤ ਵਿੱਚ ਇੱਕ ਨਵੀਂ ਰੂਹ ਨੂੰ ਸਕੂਨ ਦੇਣ ਵਾਲੀ ਗ਼ਜ਼ਲ "ਜ਼ਖ਼ਮ ਅਵੱਲੇ" ਰਿਲੀਜ਼ ਹੋਣ ਜਾ ਰਹੀ ਹੈ, ਜਿਸ ਨੂੰ ਗਾਇਆ ਅਤੇ ਸੰਗੀਤਬੱਧ ਕੀਤਾ ਹੈ ਸੁਨੀਲ ਡੋਗਰਾ ਨੇ। ਇਹ ਗ਼ਜ਼ਲ 26 ਅਕਤੂਬਰ 2025 ਨੂੰ ਰਿਲੀਜ਼ ਹੋਵੇਗੀ ਅਤੇ ਇਹ ਸੁਣਨ ਵਾਲਿਆਂ ਦੇ ਦਿਲਾਂ ਨੂੰ ਬੇਮਿਸਾਲ ਸ਼ਾਇਰੀ ਅਤੇ ਸੁਰੀਲੇ ਸੁਰਾਂ ਨਾਲ ਛੂਹ ਲਵੇਗੀ।

ਮਸ਼ਹੂਰ ਗ਼ਜ਼ਲਕਾਰ ਵਿੰਦਰ ਮਾਝੀ ਦੇ ਲਿਖੇ ਸ਼ਬਦ ਦਰਦ, ਮੁਹੱਬਤ ਅਤੇ ਤੜਪ ਦੇ ਸੁਹਾਣੇ ਮੇਲ ਨੂੰ ਵਿਅਕਤ ਕਰਦੇ ਹਨ—ਇਹ ਤੱਤ ਗ਼ਜ਼ਲਾਂ ਦੀ ਅਸਲੀ ਰੂਹ ਹਨ। ਚੰਦਰ ਮੋਹਨ ਦੀ ਸੰਗੀਤਕ ਰਚਨਾ ਵਿੱਚ ਰਵਾਇਤੀ ਗ਼ਜ਼ਲ ਸੁਰਾਂ ਨੂੰ ਆਧੁਨਿਕ ਪੰਜਾਬੀ ਰੁਝਾਨ ਨਾਲ ਜੋੜਿਆ ਗਿਆ ਹੈ, ਜਿਸ ਨਾਲ ਇੱਕ ਸੁਹਾਵਣਾ ਤਾਲਮੇਲ ਬਣਦਾ ਹੈ।

ਵੀਡੀਓ ਵਿੱਚ ਮਹਿਲਾ ਮੁੱਖ ਭੂਮਿਕਾ ਸੈਂਡੀ ਕਲਿਆਣ ਨੇ ਨਿਭਾਈ ਹੈ। ਇਸਨੂੰ ਦੀਪ ਫ੍ਰੇਮਜ਼ (ਡੀਓਪੀ) ਨੇ ਕੈਮਰੇ 'ਚ ਬੰਦ ਕੀਤਾ ਹੈ ਅਤੇ ਹਰਸਿਮਰਨ ਨੇ ਸਹਿਯੋਗ ਦਿੱਤਾ ਹੈ। ਨਿਰਦੇਸ਼ਨ ਅਤੇ ਐਡੀਟਿੰਗ ਅਮਨ ਟੱਲੇਵਾਲ ਵੱਲੋਂ ਕੀਤੀ ਗਈ ਹੈ, ਜਦਕਿ ਮੇਕਅੱਪ ਆਸ਼ੂ ਮੇਕਓਵਰਜ਼ ਨੇ ਸੰਭਾਲਿਆ ਹੈ।

ਇਸ ਸਾਰੇ ਪ੍ਰੋਜੈਕਟ ਨੂੰ ਹੋਂਦ 'ਚ ਲਿਆਉਣ ਵਿੱਚ ਜੁੜੇ ਕਲਾਕਾਰਾਂ ਦੀ ਮਿਹਨਤ ਨੂੰ ਸਲਾਮ ਹੈ।
ਮਹਰੂਮ ਉਸਤਾਦਾਂ ਦੇ ਉਸਤਾਦ ਗ਼ਜ਼ਲਗੋ ਸਿਰੀ ਰਾਮ ਅਰਸ਼ ਜੀ ਤੇ ਉਸਤਾਦ ਰਣਜੀਤ ਸਿੰਘ ਧੂਰੀ ਜੀ ਦੇ ਅਸ਼ੀਰਵਾਦ ਸਦਕਾ ਹੀ ਇਸ ਗ਼ਜ਼ਲ ਦਾ ਕਾਰਜ ਸੰਪੂਰਨ ਹੋਇਆ ਹੈ ਜੀ।

ਸਭ ਤੋਂ ਵੱਧ ਵਿਸ਼ੇਸ਼ ਧੰਨਵਾਦ ਮਨਪ੍ਰੀਤ ਕੌਰ ਜੀ ਦਾ ਬਣਦਾ ਹੈ। ਜਿੰਨਾ ਜੀ ਬਦੌਲਤ ਇਹ ਪ੍ਰੋਜੈਕਟ ਦਰਸ਼ਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਣ ਜਾਂ ਰਿਹਾ ਹੈ।

ਉਮੀਦ ਕਰਦੇ ਹਾਂ ਕਿ ਪਹਿਲੀਆਂ ਗ਼ਜ਼ਲਾਂ ਵਾਂਗ ਇਸ ਗ਼ਜ਼ਲ ਨੂੰ ਵੀ ਆਪ ਸਭਨਾ ਵੱਲੋਂ ਖੂਬ ਸਹਿਯੋਗ ਤੇ ਪਿਆਰ ਮਿਲੇਗਾ।

## ਆਪਣੇ ਪਲੇਠੇ ਗੀਤ "ਹੱਸਦੀ ਨੇ ਦਿਲ ਮੰਗਿਆ" ਰਾਹੀ ਸਰੋਤਿਆ ਦੇ ਸਨਮੁੱਖ ਹੋਣ ਜਾ ਰਹੇ ਲੋਕ ਗਾਇਕ ਛਿੰਦਾ ਚੱਕ ਵਾਲਾ :- ਅਦਾਕਾਰ ਕੁਲਦੀਪ ਨਿਆਮੀ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ




ਪੰਜਾਬੀ ਸੰਗੀਤ ਜਗਤ ਵਿੱਚ ਆਪਣੇ ਪਲੇਠੇ ਗੀਤ "ਹੱਸਦੀ ਨੇ ਦਿਲ ਮੰਗਿਆ" ਰਾਹੀ ਲੋਕ ਗਾਇਕ 'ਛਿੰਦਾ ਸਿੰਘ ਚੱਕ ਵਾਲਾ ' ਸੰਗੀਤ ਪ੍ਰੇਮੀਆਂ ਨਾਲ ਰੂਹਦਾਰੀ ਦੀ ਸਾਂਝ ਪਾਉਣ ਜਾ ਰਹੇ ਹਨ। ਇਸ ਗੀਤ ਨੂੰ ਪਾਲੀਵੁੱਡ ਦੇ ਚਰਚਿਤ ਅਦਾਕਾਰ ਤੇ ਗੀਤਕਾਰ ਕੁਲਦੀਪ ਨਿਆਮੀ ਤੇ ਛਿੰਦਾ ਚੱਕ ਵਾਲਾ ਨਾਲ ਮਿਲ ਪੰਜਾਬੀ ਪੈਤੀ ਅੱਖਰਾਂ ਦੇ ਖੂਬਸੂਰਤ ਗੁਲਦਸਤੇ 'ਚੋ ਬੇਸ਼ਕੀਮਤੀ ਖੂਬਸੂਰਤ ਸ਼ਬਦਾਂ ਦੀ ਰਸਦ ਲੈ ਪਰੋਇਆਂ। ਇਸ ਗੀਤ ਦੇ ਲੋਕ ਗਾਇਕ "ਛਿੰਦਾ ਸਿੰਘ ਚੱਕ ਵਾਲਾ" ਦੀ ਸੁਰੀਲੀ ਮਿਠਾਸ ਭਰੀ ਆਵਾਜ਼ ਨਾਲ ਸੁਮੇਲ ਕਰ ਸੰਗੀਤਕ ਧੁੰਨਾਂ ਨਾਲ ਸਿੰਗਾਰਿਆਂ ਹੈ।ਪ੍ਰਸਿੱਧ ਸੰਗੀਤਕਾਰ ਸ਼ਿਵਮਨੀ ਨੇ।
ਇਸ ਗੀਤ ਦਾ ਫਿਲਮਾਂਕਣ ਕੋਟਕਪੂਰਾ ਦੇ ਜਿਨਾਂ ਨੇ ਕਈ ਗੀਤਾਂ ਨੂੰ ਤੇ ਸੌਰਟ ਮੂਵੀ ਆਦਿ ਦਰਸ਼ਕਾਂ ਦੀ ਝੋਲੀ ਪਾਈਆਂ ਹਨ। ਪ੍ਰਸਿੱਧ ਡਾਇਰੈਕਟਰ "ਆਸੂ ਕੋਟਕਪੂਰਾ" ਵੱਲੋ ਡਾਇਰੈਕਟ ਕੀਤਾ ਗਿਆਂ। ਇਸ ਗੀਤ ਵਿੱਚ ਅਦਾਕਾਰ ਵਜੋ ਪਾਲੀਵੁੱਡ ਦੇ ਮੰਝੇ ਅਦਾਕਾਰ 'ਮਨੀ ਨਿਆਮੀ', ਪ੍ਰੀਤ ਸਮਾਣਾ ਤੇ ਦਲਜੀਤ ਕਲਿਆਣ ਵੱਲੋ ਵਿਲੱਖਣ ਖੂਬਸੂਰਤ ਅਦਾਕਾਰੀ ਨਾਲ ਸੁਮਾਰ ਕਰਵਾਇਆਂ ਗਿਆ ਹੈ। ਇਸ ਗੀਤ ਦੇ ਸਾਰੇ ਖੂਬਸੂਰਤ ਦ੍ਰਿਸ਼ਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕੀਤਾ ਹੈ। ਪਾਲੀਵੁੱਡ ਦੇ ਮੰਨੇ ਪ੍ਰਮੰਨੇ ਕੈਮਰਾਮੈਨ "ਅਰਸ਼ਦੀਪ ਕੈਮ" ਨੇ।
ਇਹ ਗੀਤ 26 ਅਕਤੂਬਰ ਨੂੰ ਸਰੋਤਿਆਂ ਦੀ ਕਚਹਿਰੀ ਵਿੱਚ ਸਨਮੁੱਖ ਹੋ ਮਨੋਰੰਜਨ ਦਾ ਹਿੱਸਾ ਬਣ ਵਿਲੱਖਣ ਛਾਪ ਛੱਡਣ ਜਾ ਰਿਹਾ ਹੈ।
ਇਸ ਨੂੰ ਆਖਰੀ ਮੁਕਾਮ ਤੱਕ ਪਹੁੰਚਾਉਣ ਲਈ ਦਿਨ-ਰਾਤ ਇਕ ਕਰ ਪ੍ਰੋਡਕਸ਼ਨ "ਟੀਮ ਨਿਆਮੀ ਮਿਊਜਿਕ"। ਇਸ ਚੈਨਲ ਤੇ ਰਲੀਜ਼ ਹੋਵੇਗਾ। 'ਟੀਮ ਨਿਆਮੀ ਮਿਊਜਿਕ' ਨੂੰ ਸਰੋਤਿਆ ਤੋ ਬਹੁਤ ਉਮੀਦ ਹੈ ਤੇ ਓਹ ਵਧੀਆ ਹੁੰਗਾਰੇ ਦੀ ਸਰੋਤਿਆ ਤੋ ਆਸ ਕਰਦੀ ਹੈ। ਤੁਹਾਨੂੰ ਸਭ ਨੂੰ, ਇਸ ਗੀਤ ਨੂੰ ਸੁਣਨਾ ਤੇ ਵੱਧ ਤੋ ਵੱਧ ਸੇਅਰ ਕਰ, ਕਮੈਂਟ ਕਰ, ਪੂਰੀ ਟੀਮ ਦੀ ਮਿਹਨਤ ਦਾ ਮੁੱਲ ਜਰੂਰ ਮੋੜਨਾ। ਮੇਰੀਆਂ ਦੁਆਵਾ ਪੂਰੀ ਟੀਮ ਲਈ, ਓਹ ਏਦਾਂ ਦੀ ਵਧੀਆ ਖੂਬਸੂਰਤ ਗੀਤਾਂ ਨੂੰ ਸੰਗੀਤਕ ਪ੍ਰੇਮੀਆ ਦੀ ਝੋਲੀ ਪਾ ਸਾਂਝ ਪਾਉਂਦੇ ਰਹਿਣ। ਆਮੀਨ

## 2003 ਅਮਰੀਕਾ -ਕੈਨੇਡਾ ਯਾਤਰਾ ਤੋਂ ਪਰਤ ਕੇ ਅਮਰੀਕਾ : ਕੁਝ ਪ੍ਰਭਾਵ



ਬੱਦਲਾਂ ਦੇ ਪਰਛਾਵੇਂ।
ਤੇਰੇ ਹੱਥ ਕਦੇ ਨਹੀਂ ਆਉਣੇ,
ਜੇ ਤੂੰ ਫੜਨੇ ਚਾਹਵੇਂ।

ਅੰਬਰ ਵਿਚ ਫ਼ਕੀਰ।
ਖਿੜਕੀ ਵਿਚੋਂ ਵੇਖ ਰਿਹਾ ਏ,
ਧਰਤੀ ਲੀਰੋ ਲੀਰ।

ਸ਼ਕਲਾਂ ਡੱਬ ਖੜੱਬੀਆਂ।
ਉੱਚੇ ਚੜ੍ਹ ਕੇ ਵੇਖ ਸ਼ਿਕਾਗੋ,
ਜਿਉਂ ਤੀਲ੍ਹਾਂ ਦੀਆਂ ਡੱਬੀਆਂ।

ਹੇਠ ਵਗੇ ਦਰਿਆ।
ਪੁਲ ਦੇ ਉੱਪਰੋਂ ਲੰਘਦੇ ਲੰਘਦੇ,
ਪੱਥਰ ਹੋ ਗਏ ਚਾਅ।

ਨਾ ਜੀਵਣ ਨਾ ਚਾਅ!
ਨੌਂ ਤੋਂ ਪੰਜ ਵਜੇ ਤਕ ਨੀਂਦੇ,
ਅੱਖੀਆਂ ਵਿਚ ਨਾ ਆ।

ਅੱਖੀਆਂ ਦੇ ਵਿਚ ਸ਼ਾਮ।
ਕੋਹਲੂ ਅੰਦਰ ਪੀੜੀ ਜ਼ਿੰਦਗੀ,
ਦਿਨ ਨਾ ਰਾਤ ਆਰਾਮ!

ਗੋਰੀ ਧਰਤ ਕਮਾਲ!

ਦਿਨ ਤੇ ਰਾਤ ਚਰਖੜੀ ਘੁੰਮੇ,
ਵੇਖ ਹਮਾਰਾ ਹਾਲ!

ਸੁਖ ਦੇ ਬਣੇ ਗੁਲਾਮ!
ਧਰਤੀ ਮਾਂ ਦੀ ਮੈਲੀ ਚੁੰਨੀ,
ਪੁੱਤ ਕਰਦੇ ਬਦਨਾਮ!

ਅੱਠ ਘੰਟੇ ਦੀ ਜਾਬ!
ਸੋਲਾਂ ਘੰਟੇ ਰੂਹ ਦਾ ਤੂੰਬਾ,
ਵੱਜਦਾ ਦੇਸ ਪੰਜਾਬ!

ਹੁਣ ਨਾ ਇਹ ਪਰਦੇਸ!
ਵਿਹੜੇ ਵਾਲੀ ਤਾਰ 'ਤੇ ਸੁੱਕਦੇ,
ਡੱਬੀਆਂ ਵਾਲੇ ਖੇਸ।

ਜਿੰਦੇ ਹੁਣ ਨਾ ਰੋ।
ਜੋ ਹੈ ਵੱਟਿਆ ਸੋ ਹੈ ਖੱਟਿਆ,
ਖੁਦ ਤੋਂ ਲਾਂਭੇ ਹੋ।

ਨਿੱਕਾ
ਜਿਹਾ ਸੰਸਾਰ।
ਚਹੁੰ ਗਿੱਠਾਂ ਦੀ ਸਾਰੀ ਧਰਤੀ,
ਦੋ ਕਦਮਾਂ ਦੀ ਮਾਰ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਕੰਨ ਪਾੜ੍ਹਵੀਂ ਆਵਾਜ਼ ਦੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਹੋਣ ਦੀ ਲੋੜ


ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਕੰਨ ਪਾੜ੍ਹਵੀਂ ਆਵਾਜ਼ ਸਾਇਦ ਹੀ ਕੋਈ ਪਸੰਦ ਕਰਦਾ ਹੋਵੇ।ਇਸ ਨਾਲ ਕੰਨਾਂ ਦੇ ਪਰਦੇ ਖਰਾਬ ਹੋਣ ਦਾ ਡਰ ਰਹਿੰਦਾ ਹੈ।ਦਿਲ ਦੇ ਮਰੀਜ਼ਾਂ ਲਈ ਵੀ ਖਤਰਨਾਕ ਹੈ। ਕਈ ਪਰਿਵਾਰਾਂ ਵਿੱਚ ਦਿਲ ਦੇ ਜਾਂ ਹੋਰ ਬਿਮਾਰੀਆਂ ਦੇ ਮਰੀਜ਼ ਹੁੰਦੇ ਹਨ ਦੀਵਾਲੀ ਵਾਲੇ ਦਿਨ ਆਪਣੇ ਗੁਆਂਢੀ ਦੇ ਪਰਿਵਾਰਕ ਮੈਂਬਰਾਂ ਵਿੱਚ ਮਰੀਜ਼ਾਂ ਬਾਰੇ ਅਸੀਂ ਨਹੀਂ ਸੋਚਦੇ ਕਿ ਵੱਡੇ ਵੱਡੇ ਪਟਾਕਿਆਂ ਦੀ ਉੱਚੀ ਆਵਾਜ਼ ਨੂੰ ਉਹ ਕਿਵੇਂ ਬਰਦਾਸ਼ਤ ਕਰਦੇ ਹਨ। ਕਈ ਮੂਰਖ ਤਾਂ ਪਟਾਕੇ ਨੂੰ ਅੱਗ ਲਾਕੇ ਦੂਜੇ ਦੇ ਘਰ ਮੂਹਰੇ ਸੁੱਟ ਦਿੰਦੇ ਹਨ, ਜਿੰਨ੍ਹਾਂ ਦੀ ਉੱਚੀ ਆਵਾਜ਼ ਬੱਚਿਆਂ ਅਤੇ ਬਜੁਰਗਾਂ ਨੂੰ ਦਹਿਲਾ ਦੇਂਦੀ ਹੈ।ਵਹੀਕਲਾਂ ਦੇ ਹਾਰਨ ਉੱਚੀ ਆਵਾਜ਼ ਵਾਲੇ ਅਤੇ ਪਟਾਕੇ ਵਜਾਉਣ ਵਾਲੇ ਲਾ ਕੇ ਰਾਹਗੀਰਾਂ ਨੂੰ ਡਰ ਦਾ ਮਾਹੌਲ ਪੈਦਾ ਕਰਕੇ ਤੰਗ ਕੀਤਾ ਜਾਂਦਾ ਹੈ ਪਰ ਵਿਆਹ ਸ਼ਾਦੀ ਅਤੇ ਜਨਮ-ਦਿਨ ਪਾਰਟੀਆਂ ਤੇ ਆਮ ਤੌਰ ਤੇ ਉੱਚੀ ਆਵਾਜ਼ 'ਚ ਸਾਊਂਡ ਸਿਸਟਮ ਫਿਰ ਵੀ ਲਾਇਆ ਜਾਂਦਾ ਹੈ।ਮੁਹੱਲਿਆਂ 'ਚ ਵਸਤਾਂ ਵੇਚਣ ਵਾਲੇ ਉੱਚੀ ਆਵਾਜ਼ 'ਚ ਰਿਕਾਰਡਿੰਗ ਕਰਵਾ ਚੀਜਾਂ ਨੈ ਵੇਚਣ ਦੇ ਹੌਕੇ ਲਾਊਡ ਸਪੀਕਰਾਂ ਰਾਹੀਂ ਦੇ ਕੇ ਮਹੱਲੇ ਦੇ ਮਾਹੌਲ ਦੀ ਜਿਥੇ ਸਾਂਤੀ ਤਾਂ ਭੰਗ ਕਰਦੇ ਹੀ ਹਨ ਸਗੋਂ ਕਈ ਵਾਰੀ ਇੱਕੋ ਥਾਂ ਖੜ੍ਹ ਕੇ ਇਹ ਆਵਾਜ਼ਾਂ ਸੁਣਾ ਕੇ ਘਰਾਂ ਵਾਲਿਆਂ ਲਈ ਆਪਸੀ ਕੋਈ ਗੱਲ ਸੁਣਨ ਤੋਂ ਵੀ ਤੰਗ ਕਰ ਦਿੰਦੇ ਹਨ। ਪੰਜਾਬ ਅੰਦਰ ਵਾਤਾਵਰਣ ਦੀ ਸੁਰੱਖਿਆ ਲਈ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੀ ਸਥਾਂਪਨਾ 1975 ਵਿੱਚ ਹੋਈ।ਇਸ ਦਾ ਮੁੱਖ ਦਫਤਰ ਪਟਿਆਲਾ ਵਿਖੇ ਕੰਮ ਕਰ ਰਿਹਾ ਹੈ।ਵੱਖ-ਵੱਖ ਪ੍ਰਕਾਰ ਦੇ ਪ੍ਰਦੂਸ਼ਨ ਤੇ ਕੰਟਰੋਲ ਕਰਨ ਲਈ ਸਮੇਂ ਦੀ ਲੋੜ ਮੁਤਾਬਕ ਨਵੇਂ ਨਵੇਂ ਕਾਨੂੰਨ ਹੌਂਦ 'ਚ ਆਉਂਦੇ ਰਹਿੰਦੇ ਹਨ।ਇਨ੍ਹਾਂ ਨੂੰ ਲਾਗੂ ਕਰਵਾਉਣ ਦਾ ਕੰਮ ਪ੍ਰਦੂਸ਼ਨ ਬੋਰਡ ਦਾ ਹੈ।ਇਹ ਕਿੰਨ੍ਹੇ ਕੁ ਲਾਗੂ ਹੋ ਰਹੇ ਹਨ ਇਹ ਸਭ ਜਾਣਦੇ ਹਨ।ਆਵਾਜ਼ ਦਾ ਪ੍ਰਦੂਸ਼ਨ ਵੱਖ-ਵੱਖ ਥਾਵਾਂ ,ਸਮੇਂ ਤੇ ਭਿੰਨ ਹੋ ਸਕਦਾ ਹੈ।ਨਿਸਚਤ ਆਵਾਜ਼ ਤੋਂ ਉੱਪਰ ਦੇ ਆਵਾਜ਼ ਪੱਧਰ ਦੇ ਸਰੀਰਕ ਤੌਰ ਤੇ ਮਾੜੇ ਪ੍ਰਭਾਵ ਪੈ ਸਕਦੇ ਹਨ।ਆਵਾਜ਼ ਪੈਦਾ ਹੋਣ ਦੇ ਬਹੁਤ ਸਾਰੇ ਕਾਰਣ ਹਨ।ਸੋ ਮਜਬੂਰੀ ਵਸ ਕਈਆਂ ਨੂੰ ਉੱਚੀ ਆਵਾਜ਼ ਪੈਦਾ ਕਰਨ ਵਾਲੀਆਂ ਥਾਵਾਂ ਤੇ ਕੰਮ ਕਰਨਾ ਪੈਂਦਾ ਹੈ।ਕਈਆਂ ਦੇ ਕੰਮ ਆਵਾਜ਼ ਪੈਦਾ ਕਰਨ ਵਾਲੇ ਹੁੰਦੇ ਹਨ।ਇਲੈਕਟਰੋਨਿਕ ਟੈਕਨੋਲੋਜੀ ਨੇ ਚਾਰ ਦਹਾਕੇ ਪਹਿਲਾਂ ਦੇ ਸਾਊਂਡ ਸਿਸਟਮ ਨੂੰ ਕਿਤੇ ਪਿਛਾਂਹ ਛੱਡ ਦਿੱਤਾ ਹੈ।ਉਦੋਂ ਗਾਉਣ ਲੱਗਣ ਤੇ ਤਕਰੀਬਨ ਇੱਕ ਸਪੀਕਰ ਹੀ ਲਾਇਆ ਜਾਂਦਾ ਸੀ।ਪਰ ਹੋਲੀ ਹੋਲੀ ਗਾਇਕ ਨਾਲੋਂ ਸਾਊਂਡ ਸਿਸਟਮ ਤੇ ਜਿਆਦਾ ਜ਼ੋਰ ਦਿੱਤਾ ਜਾਣ ਲੱਗਾ।ਪਹਿਲਾਂ ਅਖਾੜੇ ਖੁੱਲੀ ਥਾਂ ਤੇ ਦੋ ਰੇੜ੍ਹੀਆਂ ਦਾ ਵਿੱਡ ਲਾਹ ਕੇ ਉਨ੍ਹਾਂ ਨੂੰ ਨਾਲ ਜੌੜ ਕੇ ਦੇਸ਼ੀ ਸਟੇਜ਼ ਤਿਆਰ ਕਰ ਲੈਂਦੇ ਸੀ। ਕਈ ਵਾਰੀ ਤਾਂ ਰੇਡਿਉ ਵਾਲੇ ਭਾਈ ਕੋਲ ਮਾਈਕ ਵਾਲਾ ਸਟੈਂਡ ਵੀ ਨਹੀਂ ਹੁੰਦਾ ਸੀ ਤਾਂ ਸੰਲਘ'ਚ ਮਾਈਕ ਫਸਾ ਕੇ ਉਸ ਨੂੰ ਬੰਨ੍ਹ ਕੇ ਹੀ ਕੰਮ ਸਾਰ ਲਿਆ ਜਾਂਦਾ ਸੀ।ਪਹਿਲੇ ਗਾਇਕਾਂ ਦੀਆਂ ਆਵਾਜ਼ਾਂ ਗੜ੍ਹਕਵੀਆਂ ਹੁੰਦੀਆਂ ਸਨ।ਉਦੋਂ ਸਪੀਕਰ ਕਈ ਵਾਰੀ ਖਰਾਬ ਹੋ ਜਾਂਦਾ ਤਾਂ ਬਿਨ੍ਹਾਂ ਮਾਈਕ ਤੋਂ ਹੀ ਗਾਈ ਜਾਂਦੇ।ਆਹ ਅੱਜ ਦੇ ਸ਼ੋਰ ਸਰਾਬੇ ਵਾਲੀ ਕੋਈ ਗੱਲ ਨਹੀਂ ਹੁੰਦੀ ਸੀ।
ਜਿਥੇ ਸਾਨੂੰ ਸੰਵਿਧਾਨਿਕ ਤੌਰ ਤੇ ਮੁਢਲੇ ਅਧਿਕਾਰਾਂ ਅਨੁਸਾਰ ਆਪਣੀਆਂ ਮਰਜ਼ੀਆਂ ਕਰਨ ਦੀ ਖੁੱਲ੍ਹ / ਆਜ਼ਾਦੀ ਹੈ,ਉੱਥੇ ਸਾਨੂੰ ਇਨ੍ਹਾਂ ਅਧਿਕਾਰਾਂ ਨੂੰ ਮਾਣਨ ਸਮੇਂ ਆਪਣੇ ਫਰਜ਼ਾਂ ਦਾ ਵੀ ਧਿਆਨ ਰੱਖਣਾ ਹੁੰਦਾ ਹੈ ਤਾਂ ਜੋ ਕਿਸੇ ਹੋਰ ਨੂੰ ਆਪਣੀ ਆਜ਼ਾਦੀ ਸਦਕਾ ਕਿਸੇ ਹੋਰ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ ਜੋ ਕਿ ਅਕਸਰ ਰੱਖਿਆ ਨਹੀਂ ਜਾਂਦਾ।ਗਲੀਆਂ,ਮੁਹੱਲਿਆਂ ਵਿੱਚ ਆਮ ਤੌਰ ਤੇ ਛੋਟੇ ਸਮਾਗਮ ਜਿਵੇਂ ਜਾਗੋ ਕੱਢਣੀ,ਜਨਮ ਦਿਨ ਪਾਰਟੀ, ਮੰਗਣੀ ਦੀ ਰਸਮ ਆਦਿ ਟੈਨਟ ਲਾ ਕੇ ਮਨਾਏ ਜਾਂਦੇ ਹਨ।ਸਮਾਗਮ ਕਰਾਉਣ ਵਾਲਾ ਆਪਣੇ ਆਲੇ ਦੁਆਲੇ ਦੇ ਘਰਾਂ ਦੇ ਮੱਥਿਆਂ ਨੂੰ ਟੈਂਟ ਲਾ ਕੇ ਆਪਣੇ ਅਧਿਕਾਰ ਹੇਠ ਲੈ ਲੈਂਦੇ ਹਨ।ਥੋੜੀ ਜਿਹੀ ਜਗ੍ਹਾ ਵਿੱਚ ਹੀ ਵੱਡੇ ਸਪੀਕਰ ਰੱਖ ਕੇ ਡੀ.ਜੇ. ਜਾਂ ਕੋਈ ਹੋਰ ਗੀਤ ਮੰਡਲੀ ਆਦਿ ਐਨੀ ਉੱਚੀ ਆਵਾਜ਼ ਕਰਨ ਲੱਗਦੇ ਹਨ ਜਿਵੇਂ ਕਿਸੇ ਹੋਰ ਮੁਹੱਲੇ ਤੱਕ ਆਵਾਜ਼ ਪਹੁੰਚਾਉਣੀ ਜ਼ਰੂਰੀ ਹੋਵੇ।ਰਾਤ ਦੇ ਪ੍ਰੋਗਰਾਮ 'ਚ ਗੁਆਂਢੀਆਂ ਦਾ ਸੌਣਾ ਤਾਂ ਇੱਕ ਪਾਸੇ ,ਉਂਝ ਹੀ ਐਨੀ ਉੱਚੀ ਧਮਕ ਦੇ ਨਾਲ ਘਬਰਾਹਟ ਪੈਦਾ ਹੋ ਜਾਂਦੀ ਹੈ। ਰੱਬ ਨਾ ਕਰੇ ਜੇਕਰ ਕੋਈ ਦਿਲ ਦਾ ਮਰੀਜ਼ ਗੁਆਂਢ 'ਚ ਹੋਵੇ ਤਾਂ ਉਹ ਭਲਾ ਇਸ ਮਾਹੌਲ 'ਚ ਰਹਿ ਸਕੇਗਾ। ਸੰਗੀਤ ਰੂਹ ਦੀ ਖੁਰਾਕ ਹੈ। ਸਭ ਨੂੰ ਕੋਈ ਨਾ ਕੋਈ ਸੰਗੀਤ ਪਸੰਦ ਹੁੰਦਾ ਹੈ।ਮੈਰਿਜ ਪੈਲੇਸਾਂ ਵਿੱਚ ਵਿਆਹਾਂ ਸਮੇਂ ਚਿਰਾਂ ਤੋਂ ਮਿਲਣ ਉਪਰੰਤ ਹਰੇਕ ਦਾ ਗੱਲਬਾਤ ਕਰਨ ਨੂੰ ਜੀਅ ਤਾਂ ਕਰਦਾ ਹੁੰਦਾ ਪਰ ਸਾਊਂਡ ਸਿਸਟਮ ਦੀ ਉੱਚੀ ਧਮਕ ਵਾਲੀ ਆਵਾਜ਼ ਸਾਹਮਣੇ ਬੇਬਸ ਹੋਣਾ ਪੈਂਦਾ ਹੈ।ਹੁਣ ਤਾਂ ਸਿਰਫ ਖਾਣ ਪੀਣ ਹੀ ਰਹਿ ਗਿਆ ਪਹਿਲਾਂ ਦੀ ਤਰ੍ਹਾਂ ਨਿੱਘੇ ਰਿਸ਼ਤੇ ਦਿਖਾਈ ਨਹੀਂ ਦਿੰਦੇ।ਮੇਰੇ ਦੋਸਤ ਦੇ ਪੋਤਰੇ ਦੇ ਜਨਮ ਦਿਨ ਤੇ ਘਰ ਸ੍ਰੀ ਸਹਿਜ ਪਾਠ ਦਾ ਭੋਗ ਪਾਉਣ ਉਪਰੰਤ ਰਾਗੀਆਂ ਦੇ ਰਸਭਿੰਨੇ ਕੀਰਤਨ ਉਪਰੰਤ ਸਮਾਪਤੀ ਕੀਤੀ ਅਤੇ ਆਏ ਰਿਸਤੇਦਾਰਾਂ ਅਤੇ ਦੋਸਤ ਮਿੱਤਰਾਂ ਨੂੰ ਲੰਗਰ ਛੱਕ ਕੇ ਜਾਣ ਦੀ ਬੇਨਤੀ ਕੀਤੀ ਗਈ।ਜਦੋਂ ਖਾਣੇ ਵਾਲੀ ਜਗ੍ਹਾ ਤੇ ਪੁੱਜੇ ਤਾਂ ਇੱਕ ਪਾਸੇ ਡੀ.ਜੇ. ਸਿਸਟਮ ਤਿਆਰ ਹੁੰਦਾ ਦੇਖ ਕੇ ਹੈਰਾਨੀ ਤਾਂ ਹੋਈ ਪਰ ਜਦੋਂ ਖਾਣਾ ਖਾਣ ਲੱਗੇ ਤਾਂ ਉੱਚੀ ਆਵਾਜ਼ 'ਚ ਧਾਰਮਿਕ ਗੀਤ ਸੁਣਨ ਨੂੰ ਮਿਲਿਆ ਤੇ ਦੂਜੇ ਗੀਤ 'ਚ ਸ਼ਾਜਾਂ ਦੇ ਸ਼ੋਰ ਦੀ ਆਵਾਜ਼ ਐਨੀ ਜ਼ਿਆਦਾ ਸੀ ਕਿ ਹਰੇਕ ਦਾ ਘਬਰਾਹਟ ਨਾਲ ਦਿਲ ਧੜਕ ਰਿਹਾ ਸੀ ਪਰ ਕਹਿਣ ਨੂੰ ਕੋਈ ਵੀ ਤਿਆਰ ਨਹੀਂ ਸੀ,ਗੀਤ ਵੀ ਪੈੱਗ ਦੀ ਗੱਲ ਕਰਦਾ ਸੀ। ਆਖਰ ਡੀ.ਜੇ. ਵਾਲੇ ਨੂੰ ਬੇਨਤੀ ਕਰਕੇ ਕੇ ਆਵਾਜ਼ ਘੱਟ ਕਰਵਾਈ ਤਾਂ ਕਿਤੇ ਖਾਣਾ ਖਾਧਾ।ਮੈਂ ਰਾਗੀ ਜੱਥੇ ਦੀ ਮਧੁਰ ਆਵਾਜ਼ ਸੁਣਨ ਤੋਂ ਬਾਅਦ ਅਸ਼ਲੀਲ ਗੀਤਾਂ ਨੂੰ ਆਏ ਮਹਿਮਾਨਾਂ ਦੇ ਧੱਕੇ ਨਾਲ ਕੰਨਾਂ'ਚ ਪਾਉਣ ਦੀ ਗੱਲ ਨਾ ਸਮਝ ਸਕਿਆ।ਜੇ ਅਜਿਹਾ ਹੀ ਕਰਨਾ ਸੀ ਤਾਂ ਪਾਠ ਦਾ ਭੋਗ ਕਿਸੇ ਹੋਰ ਦਿਨ ਪਾ ਲੈਣਾ ਸੀ,ਇਹ ਚੰਗਾ ਹੋਣਾ ਸੀ।ਇੱਕ ਦਿਨ ਇਸੇ ਤਰ੍ਹਾਂ ਹੀ ਸਾਡੇ ਗੁਆਂਢੀ ਨੇ ਤਾਂ ਹੱਦ ਹੀ ਕਰ ਦਿੱਤੀ ਜਦੋਂ ਅਸੀਂ ਬਾਹਰੋਂ ਆਏ ਤਾਂ ਸਾਡੇ ਦਰਵਾਜੇ ਅੱਗੇ ਟੈਂਟ ਲਾ ਕੇ ਸਾਡਾ ਰਸਤਾ ਤਾਂ ਬੰਦ ਕਰ ਹੀ ਦਿੱਤਾ,ਉਪਰੋਂ ਦਰਵਾਜੇ ਦੇ ਬਿਲਕੁਲ ਸਾਹਮਣੇ ਸਾਊਂਡ ਸਿਸਟਮ ਵੀ ਰੱਖ ਲਿਆ।ਚਲੋ ਵਿਆਹ ਦਾ ਕਾਰਜ ਹੋਣ ਕਾਰਣ ਅਸੀਂ ਕੁਝ ਨਹੀਂ ਬੋਲੇ ਤੇ ਆਪਣੀ ਗੱਡੀ ਕਿਸੇ ਮਿੱਤਰ ਦੇ ਘਰ ਖੜ੍ਹੀ ਕਰ ਦਿੱਤੀ ਅਤੇ ਦੂਸਰੇ ਪਾਸੇ ਛੋਟੇ ਰਸਤੇ ਰਾਹੀਂ ਅੰਦਰ ਆ ਗਏ,ਸੋਚਿਆ ਅਗਲਿਆਂ ਨੇ ਜਗ੍ਹਾ ਦੀ ਘਾਟ ਕਾਰਣ ਕਰ ਲਿਆ।ਖਾਣਾ ਖਾਣ ਤੋਂ ਬਾਅਦ ਸੌਣ ਦੀ ਤਿਆਰੀ ਸੀ ,ਪਹਿਲਾਂ ਤਾਂ ਆਵਾਜ਼ ਕੁਝ ਘੱਟ ਸੀ ਪਰ ਲਾਲ ਪਰੀ ਦੇ ਨਸ਼ੇ ਨੇ ਖੱਪਖਾਨਾ ਅਤੇ ਕੰਨ ਪਾਟਵੀਂ ਆਵਾਜ਼ ਨੂੰ ਹੱਲਾਸ਼ੇਰੀ ਦਿੱਤੀ।ਇਸ ਮਾਹੌਲ ਨੇ ਦਿਲ ਘਬਰਾਉਣ ਲਾ ਦਿੱਤਾ ,ਕੰਨ ਐਨੀ ਉੱਚੀ ਆਵਾਜ਼ ਸੁਣਨ ਤੋਂ ਅਸਮਰੱਥ ਹੋ ਗਏ,ਬੈਠਣਾ ਬੇਹਾਲ ਹੋ ਗਿਆ।ਗੁੱਸਾ ਵੀ ਚੜ੍ਹਿਆ ਅਤੇ ਆਵਾਜ਼ ਘੱਟ ਕਰਨ ਲਈ ਕਹਿਣ ਨੂੰ ਸੋਚਿਆ,ਪਰ ਦਰਵਾਜਾ ਖੁਲ੍ਹਣ ਦੇ ਸਮਰੱਥ ਨਹੀਂ ਸੀ ਕਿਉਂਕਿ ਮੂਹਰੇ ਸਾਊਂਡ ਸਿਸਟਮ ਸੀ।ਮੇਰਾ ਇੱਕ ਨਜਦੀਕੀ ਰਿਸਤੇਦਾਰ ਇਸ ਪ੍ਰੋਗਰਾਮ'ਚ ਸਾਮਲ ਸੀ ਮੈਂ ਉਸ ਨੂੰ ਫੋਨ ਕਰਕੇ ਘੱਟ ਆਵਾਜ਼ ਕਰਵਾਉਣ ਦੀ ਬੇਨਤੀ ਕੀਤੀ ਪਰ ਉਸ ਸਿਆਣੇ ਭਦਰਪੁਰਸ਼ ਨੇ ਹੱਦ ਹੀ ਲਾਹ ਦਿੱਤੀ ਜਦੋਂ ਉਸ ਨੇ ਕਿਹਾ, 'ਕੰਨਾਂ'ਚ ਰੂੰ ਦੇ ਕੇ ਸੌਂ ਜਾਓ,ਥੋੜੇ ਟੈਮ ਦੀ ਗੱਲ ਆ'।ਚਲੋ ਕਿਸੇ ਦੇ ਰੰਗ'ਚ ਭੰਗ ਨਾ ਪਾਉਣ ਦੀ ਸੋਚ ਨੇ ਮਨ ਨੂੰ ਸਮਝਾ ਲਿਆ ਤੇ ਦੂਸਰੇ ਰਸਤੇ ਵੱਲ ਜਾ ਕੇ ਸਮਾਂ ਲੰਘਾ ਲਿਆ।ਗੁਆਢੀ ਨੇ ਤਾਂ ਕੋਈ ਕਸਰ ਬਾਕੀ ਨਹੀਂ ਛੱਡੀ,ਨਾ ਸਹਿਮਤੀ ਲੈਣਾ ਜਰੂਰੀ ਸਮਝਿਆ ਨਾ ਹੀ ਆਵਾਜ਼ ਘੱਟ ਰੱਖਣ ਦਾ ਫਰਜ਼ ਨਿਭਾਇਆ।ਤਾਹੀਓਂ ਤਾਂ ਕਿਸੇ ਨੇ ਸੱਚ ਹੀ ਕਿਹਾ,'ਚੰਦਰਾ ਗੁਆਂਢ ਬੁਰਾ...'।ਸਾਨੂੰ ਆਪਣੀ ਆਜ਼ਾਦੀ ਨੂੰ ਮਾਣਦੇ ਹੋਏ ਦੂਜਿਆਂ ਦੀ ਆਜ਼ਾਦੀ 'ਚ ਵਿਘਨ ਪਾਉਣ ਦਾ ਕੋਈ ਹੱਕ ਨਹੀਂ ਪਰ ਕਿਤੇ ਨਾ ਕਿਤੇ ਅਸੀਂ ਅਵੇਸਲੇ ਹੋ ਕੇ ਦੂਜਿਆ ਦੇ ਠੋਸੇ,ਪਰੋਸੇ ਨੂੰ ਸਵੀਕਾਰ ਕਰ ਲੈਂਦੇ ਹਾਂ। ਉੱਚੀ ਆਵਾਜ਼ ਅਤੇ ਅਸ਼ਲੀਲ ਗੀਤਾਂ ਬਾਰੇ ਜੇਕਰ ਅਸੀਂ ਇਨ੍ਹਾਂ ਡੀ.ਜੇ.ਵਾਲਿਆਂ ਅਤੇ ਬੇਸਮਝ ਲੋਕਾਂ ਨੂੰ ਨਹੀਂ ਰੋਕਾਂਗੇ ਤਾਂ ਇਹ ਇਸੀ ਤਰਾਂ੍ਹ ਮਨਮਰਜ਼ੀਆਂ ਕਰਦੇ ਰਹਿਣਗੇ।ਆਪਣੇ ਬੱਚਿਆਂ ਦੀ ਖੁਸ਼ੀ ਲਈ ਜੇਕਰ ਇਹੋ ਜਿਹੇ ਸਮਾਗਮ ਕਰਨੇ ਵੀ ਹਨ ਤਾਂ ਹਰ ਫੈਸ਼ਲਾ ਬੱਚਿਆਂ ਤੇ ਵੀ ਨਾ ਛੱਡੋ,ਆਪਣੇ ਜ਼ਿੰਦਗੀ ਦੇ ਤਜਰਬੇ ਉਨ੍ਹਾਂ ਨਾਲ ਸਾਂਝੇ ਕਰ ਕੇ ਉਨ੍ਹਾਂ ਨੂੰ ਸਮਝਾ ਕੇ ਆਪਣੀ ਸੀਮਾ ਵਿੱਚ ਰਹਿ ਕੇ ਸਮਾਗਮ ਕਰਨ ਲਈ ਰਾਜ਼ੀ ਕੀਤਾ ਜਾਵੇ।ਸਾਨੂੰ ਹਰੇਕ ਸਮਾਜਿਕ ਸਮਾਗਮ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਕਿਤੇ ਅਸੀਂ ਸਮਾਜਿਕ ਚੰਗਿਆਈਆਂ ਨੂੰ ਬੁਰਾਈਆਂ 'ਚ ਤਾਂ ਨਹੀਂ ਬਦਲ ਰਹੇ

## ਦਰਦ ਭਰੇ ਗੀਤਾਂ ਦਾ ਰਾਜਾ ਧਰਮਪ੍ਰੀਤ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ



ਦਰਦ ਭਰੇ ਗੀਤਾਂ ਨੂੰ ਆਵਾਜ਼ ਦੇ ਕੇ ਸਰੋਤਿਆਂ ਦੇ ਦਿਲਾਂ ਤੇ ਰਾਜ ਕਰਨ ਵਾਲਾ ਧਰਮਪ੍ਰੀਤ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ, ਸ਼ਾਇਦ ਹੀ ਕੋਈ ਸਰੋਤਾ ਹੋਵੇ ਜੋ ਪੰਜਾਬੀ ਗੀਤ ਤਾਂ ਸੁਣਦਾ ਹੋਵੇ ਪਰੰਤੂ ਧਰਮਪ੍ਰੀਤ ਨੂੰ ਨਾ ਜਾਣਦਾ ਹੋਵੇ। ਪੰਜਾਬੀ ਦਰਦ ਭਰੇ ਗੀਤਾਂ ਦਾ ਰਾਜਾ ਕਹੇ ਜਾਣ ਵਾਲੇ ਧਰਮਪ੍ਰੀਤ ਦਾ ਜਨਮ 09 ਜੁਲਾਈ,1973 ਨੂੰ ਮੋਗੇ ਜਿਲ੍ਹੇ ਦੇ ਬਿਲਾਸਪੁਰ ਵਿੱਚ ਪਿਤਾ ਜਗਰੂਪ ਸਿੰਘ ਅਤੇ ਮਾਤਾ ਬਲਵੀਰ ਕੌਰ ਦੀ ਕੁੱਖੋਂ ਹੋਇਆ। ਧਰਮਪ੍ਰੀਤ ਦਾ ਮਾਪਿਆਂ ਨੇ ਨਾਮ ਭੁਪਿੰਦਰ ਧਰਮਾ ਰੱਖਿਆ।ਬਚਪਨ ਤੋਂ ਗਾਇਕੀ ਦਾ ਸ਼ੌਂਕ ਰੱਖਣ ਵਾਲਾ ਧਰਮਪ੍ਰੀਤ ਸਮੇਂ ਦੇ ਨਾਲ ਨਿਖਰਿਆ। ਧਰਮਪ੍ਰੀਤ ਨੇ ਗਾਇਕੀ ਦੇ ਖ਼ੇਤਰ ਵਿੱਚ ਭੁਪਿੰਦਰ ਧਰਮਾ ਦੇ ਨਾਮ ਨਾਲ ਪੈਰ ਰੱਖਿਆ। ਇਹਨਾਂ ਦੀ ਪਹਿਲੀ ਐਲਬਮ ਖ਼ਤਰਾ ਹੈ ਸੋਹਣਿਆਂ ਨੂੰ ਪਾਇਲ ਮਿਊਜ਼ਕ ਕੰਪਨੀ ਦੇ ਲੇਬਲ ਹੇਠ 1993 ਵਿੱਚ ਰਿਲੀਜ਼ ਹੋਈ।ਇਸ ਐਲਬਮ ਦੇ ਰਿਲੀਜ਼ ਹੋਣ ਤੋਂ ਬਾਅਦ ਭੁਪਿੰਦਰ ਧਰਮਾ ਗੀਤਕਾਰ ਭਿੰਦਰ ਡੱਬਵਾਲੀ ਦੇ ਸੰਪਰਕ ਵਿੱਚ ਆਏ ਜਿਨ੍ਹਾਂ ਨੇ ਭੁਪਿੰਦਰ ਧਰਮਾ ਨੂੰ ਧਰਮਪ੍ਰੀਤ ਦਾ ਨਾਮ ਦਿੱਤਾ।ਭਿੰਦਰ ਡੱਬਵਾਲੀ ਨਾਲ ਜੁੜਣ ਤੋਂ ਬਾਅਦ ਗੋਇਲ ਮਿਊਜ਼ਿਕ ਕੰਪਨੀ ਦੁਆਰਾ 1997 ਵਿੱਚ ਰਿਲੀਜ਼ ਹੋਈ ਐਲਬਮ ਦਿਲ ਨਾਲ ਖੇਡਦੀ ਰਹੀ ਨੇ ਧਰਮਪ੍ਰੀਤ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ।ਇਸ ਦੇ ਨਾਲ ਨਾਲ ਧਰਮਪ੍ਰੀਤ ਨੇ ਬਾਰਾਂ ਸੋਲੋ ਅਤੇ ਛੇ ਡੁਏਟ ਐਲਬਮਾਂ ਪੰਜਾਬੀ ਸਰੋਤਿਆਂ ਦੀਆਂ ਝੋਲੀ ਪਾਈਆਂ ਜਿਨ੍ਹਾਂ ਵਿੱਚ ਖ਼ਤਰਾ ਹੈ ਸੋਹਣਿਆਂ ਨੂੰ 1993,ਦਿਲ ਨਾਲ ਖੇਡਦੀ ਰਹੀ 1997, ਅੱਜ ਸਾਡਾ ਦਿਲ ਤੋੜਤਾ 1998, ਟੁੱਟੇ ਦਿਲ ਨਹੀਂ ਜੁੜਦੇ 2000,ਐਨਾ ਕਦੇ ਵੀ ਨਹੀਂ ਰੋਇਆ,ਦਿਲ ਕਿਸੇ ਹੋਰ ਦਾ,ਸਾਉਣ ਦੀਆਂ ਝੜੀਆਂ (ਡੁਏਟ)2006, ਟੁੱਟੀਆਂ ਤੜੱਕ ਕਰਕੇ (ਡੁਏਟ) 2006,ਦੇਸੀ ਮਸਤੀ ਡੁਏਟ 2008, ਕਲਾਸ ਫੈਲੋ ਅਤੇ ਦਿਲ ਦੀਆਂ ਭਾਵਨਾਵਾਂ ਸ਼ਾਮਿਲ ਹਨ। ਆਪਣੇ ਸਮੇਂ ਦੀਆਂ ਹਿੱਟ ਗਾਇਕਾਵਾਂ ਸੁਦੇਸ਼ ਕੁਮਾਰੀ ਅਤੇ ਮਿਸ ਪੂਜਾ ਨਾਲ ਗਾਏ ਡੁਏਟ ਗੀਤ ਅੱਜ ਵੀ ਸੁਣੇ ਜਾਂਦੇ ਹਨ।ਧਰਮਪ੍ਰੀਤ ਨੇ ਧਾਰਮਿਕ ਗੀਤ ਵੀ ਗਾਏ ਜ਼ੋ ਅੱਜ ਵੀ ਸਦਾਬਹਾਰ ਹਨ। ਉਹਨਾਂ ਦੀਆਂ ਦੋ ਧਾਰਮਿਕ ਐਲਬਮਾਂ ਪੜ੍ਹ ਸਤਿਗੁਰੂ ਦੀ ਬਾਣੀ (1999) ਅਤੇ ਜੇ ਰੱਬ ਮਿਲਜੇ (2000) ਇਸੇ ਕੜੀ ਵਿੱਚ ਸ਼ਾਮਿਲ ਹਨ। ਧਰਮਪ੍ਰੀਤ ਦੀ ਦੂਜੀ ਐਲਬਮ ਦਿਲ ਨਾਲ ਖੇਡਦੀ ਰਹੀ ਦੀ ਵਿਕਰੀ ਲੱਖਾਂ ਵਿੱਚ ਹੋਈ ਪ੍ਰੰਤੂ ਧਰਮਪ੍ਰੀਤ ਨੂੰ ਇਹ ਦੁੱਖ ਹਮੇਸ਼ਾ ਰਹਿੰਦਾ ਕਿ ਤਕਨਾਲੋਜੀ ਵਿੱਚ ਵਾਧੇ ਨੇ ਐਲਬਮਾਂ ਦੀ ਵਿਕਰੀ ਨੂੰ ਜ਼ਰੂਰ ਘਟਾਇਆ ਹੈ ਜਿਸ ਕਰਕੇ ਬਹੁਤ ਸਾਰੇ ਸਿਰਮੌਰ ਗਾਇਕਾਂ ਨੂੰ ਗ਼ੁਰਬਤ ਭਰੀ ਜ਼ਿੰਦਗੀ ਹਢਾਉਣੀ ਪੈ ਰਹੀ ਹੈ। ਪੰਜਾਬੀ ਗੀਤਕਾਰ ਅਤੇ ਗਾਇਕ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸੱਭਿਆਚਾਰ ਨੂੰ ਦੁਨੀਆਂ ਦੇ ਕੋਨੇ ਕੋਨੇ ਵਿੱਚ ਪਹੁੰਚਾਉਂਣ ਵਿੱਚ ਤਮਾਮ ਉਮਰ ਖ਼ਰਚ ਕਰ ਦਿੱਤੀ ਸਮੇਂ ਦੀ ਸਰਕਾਰਾਂ ਨੇ ਕਦੇ ਵੀ ਉਹਨਾਂ ਦੀ ਬਾਂਹ ਫ਼ੜਨ ਦਾ ਯਤਨ ਨਹੀਂ ਕੀਤਾ।ਧਰਮਪ੍ਰੀਤ ਨੂੰ ਵੀ ਆਪਣੇ ਆਖ਼ਰੀ ਸਮੇਂ ਵਿੱਚ ਆਰਥਿਕ ਮੰਦਹਾਲੀ ਦਾ ਸਾਹਮਣਾ ਕਰਨਾ ਪਿਆ। ਗ਼ੁਰਬਤ ਭਰੀ ਜ਼ਿੰਦਗੀ ਅਤੇ ਗਾਇਕਾਂ ਦੀ ਦੁਰਦਸ਼ਾ ਨਾ ਸਹਾਰਦਾ ਹੋਇਆ 08 ਜੂਨ 2015 ਨੂੰ ਧਰਮਪ੍ਰੀਤ ਆਪਣੇ ਪਰਿਵਾਰ ਅਤੇ ਸਮੁੱਚੇ ਚਾਹੁਣ ਵਾਲਿਆਂ ਨੂੰ ਸਦਾ ਸਦਾ ਲਈ ਅਲਵਿਦਾ ਕਹਿ ਗਿਆ। ਧਰਮਪ੍ਰੀਤ ਸ਼ਰੀਰਕ ਰੂਪ ਵਿੱਚ ਅੱਜ ਸਾਡੇ ਵਿਚਕਾਰ ਨਹੀਂ ਰਿਹਾ ਪ੍ਰੰਤੂ ਆਪਣੀ ਗਾਇਕੀ ਰਾਹੀਂ ਉਹ ਸਦਾ ਸਰੋਤਿਆਂ ਦੇ ਦਿਲਾਂ ਵਿੱਚ ਜਿਉਂਦਾ ਰਹੇਗਾ।